WCB
Workers Compensation
Board of Manitoba

# ਕਵਰੇਜ ਅਤੇ ਫਾਇਦੇ



ਜੇਕਰ ਤੁਹਾਨੂੰ ਕੰਮ 'ਤੇ ਸੱਟ
ਲੱਗ ਗਈ ਹੈ,
ਤਾਂ ਅਸੀਂ ਮਦਦ ਲਈ
ਮੌਜੂਦ ਹਾਂ।

# ਜੇਕਰ ਤੁਹਾਨੂੰ ਕੰਮ ‘ਤੇ ਸੱਟ ਲੱਗ ਗਈ ਹੈ, ਤਾਂ ਅਸੀਂ ਮਦਦ ਲਈ ਮੌਜੂਦ ਹਾਂ।

**wcb.mb.ca**



ਮੈਨੀਟੋਬਾ ਦੇ ਵਰਕਰਜ਼ ਕੰਪਨਸੇਸ਼ਨ ਐਕਟ*(The Workers Compensation Act)* ਅਤੇ ਰੈਗੂਲੇਸ਼ਨ, ਅਤੇ **WCB** ਨੀਤੀਆਂ ਕਵਰੇਜ ਅਤੇ ਦਾਅਵਾ ਪ੍ਰਸ਼ਾਸਨ ਦੇ ਲਈ ਅੰਤਮ ਅਧਿਕਾਰੀ ਹੁੰਦੇ ਹਨ।ਇਹ ਪ੍ਰਕਾਸ਼ਨ ਸਿਰਫ਼ ਆਮ ਜਾਣਕਾਰੀ ਦੇਣ ਲਈ ਹੈ।

# ਕਵਰੇਜ ਅਤੇ ਫਾਇਦੇ

ਕੋਈ ਵੀ ਕੰਮ ਤੇ ਚੋਟ ਲੱਗਣ ਦੀ ਉਮੀਦ ਨਹੀਂ ਕਰਦਾ ਹੈ, ਲੇਕਿਨ ਬਹੁਤੇਰੀ ਵਾਰ, ਕੰਮ ਦੀ ਥਾਂ ਤੇ ਸੱਟਾਂ ਲਗ ਜਾਂਦੀਆਂ ਹਨ। ਖੁਸ਼ਕਿਸਮਤੀ ਨਾਲ, WCB ਕਵਰੇਜ ਤੁਹਾਡੇ ਲਈ ਮੌਜੂਦ ਹੈ। ਜੇ ਤੁਹਾਨੂੰ ਕੰਮ ਤੇ ਸੱਟ ਲਗੀ ਹੈ, ਤਾਂ ਯਾਦ ਰੱਖੋ ਕਿ ਲੋੜ ਨੂੰ ਪੂਰਾ ਕਰਨ ਲਈ ਤੁਹਾਡੇ ਕੋਲ ਬੀਮਾ ਮੌਜੂਦ ਹੈ।

ਤੁਹਾਡਾ ਰੋਜ਼ਗਾਰਦਾਤਾ ਪੂਰਾ ਵਰਕਰਜ਼ ਕੰਪਨਸੇਸ਼ਨ ਪ੍ਰੀਮਿਅਮ ਅਦਾ ਕਰਦਾ ਹੈ ਤਾਂਕੀ ਪੱਕਾ ਕੀਤਾ ਜਾ ਸਕੇ ਕਿ ਜਦੋਂ ਤੁਹਾਨੂੰ ਕੰਮ ਤੇ ਸੱਟ ਲਗ ਜਾਂਦੀ ਹੈ ਤਾਂ ਤੁਹਾਡੇ ਕੋਲ ਕਵਰੇਜ ਮੌਜੂਦ ਹੈ। ਤੁਹਾਡੇ ਰੋਜ਼ਗਾਰਦਾਤਾ ਦਾ ਉਸ ਦਿਨ ਦਾ ਪੂਰਾ ਭੁਗਤਾਨ ਕਰਨਾ ਜ਼ਰੂਰੀ ਹੈ ਜਿਸ ਦਿਨ ਤੁਹਾਨੂੰ ਕੰਮ ਤੇ ਸੱਟ ਲਗੀ ਸੀ, ਨਾ ਕਿ ਸਿਰਫ਼ ਤੁਹਾਡੀ ਸੱਟ ਲੱਗਣ ਦੇ ਸਮੇਂ ਤੱਕ।

WCB ਕਵਰੇਜ ਤੁਹਾਡੀ ਤਨਖਾਹ ਦੇ ਇੱਕ ਹਿੱਸੇ ਦਾ ਵੀ ਭੁਗਤਾਨ ਕਰਦਾ ਹੈ ਅਤੇ ਜੇ ਤੁਹਾਨੂੰ ਕੰਮ ਤੇ ਸੱਟ ਲਗ ਜਾਏ ਤਾਂ ਤੁਹਾਡੇ ਸਿਹਤ ਦੇਖਭਾਲ ਦੇ ਖਰਚਿਆਂ ਦਾ ਭੁਗਤਾਨ ਕਰਦਾ ਹੈ।



# WCB ਕੀ ਕਵਰ ਕਰਦਾ ਹੈ?

ਹੇਠਾਂ ਜ਼ਖ਼ਮੀ ਹੋਏ ਕਰਮਚਾਰੀਆਂ ਨੂੰ ਉਪਲੱਬਧ ਕੁਝ ਫਾਇਦਿਆਂ ਦੇ ਉਦਾਹਰਨ ਦਿੱਤੇ ਗਏ ਹਨ। ਇਸ ਬਾਰੇ ਖਾਸ ਜਾਣਕਾਰੀ ਲਈ ਕਿ ਕੀ ਤੁਸੀਂ ਹੇਠਾਂ ਦਿੱਤੇ'ਚੋਂ ਕਿਸੇ ਲਈ ਕਵਰਡ ਹੋ, ਆਪਣੇ WCB ਸੰਪਰਕ ਵਿਅਕਤੀ ਨਾਲ ਗੱਲ੍ਹ ਕਰੋ।

- ਤਨਖਾਹ ਦਾ ਨੁਕਸਾਨ
- ਮੈਡੀਕਲ ਇਲਾਜ ਅਤੇ ਦਵਾਈਆਂ ਦਾ ਖਰਚਾ
- ਦੰਦਾਂ ਦਾ ਇਲਾਜ
- ਕਾਇਰੋਪ੍ਰੈਕਟਿਕ ਜਾਂ ਫਿਜ਼ੀਓਥਰੈਪੀ ਇਲਾਜ
- ਵੋਕੇਸ਼ਨਲ ਰੀਹੈਬਿਲਿਟੇਸ਼ਨ ਸਰਵਿਸਿਜ਼ (ਵਿਵਸਾਇਕ ਮੁੜ-ਬਹਾਲੀ ਸੇਵਾਵਾਂ)
- ਸਥਾਈ ਅਪੰਗਤਾ ਲਈ ਇੱਕਮੁਸ਼ਤ ਰਕਮ ਦਾ ਭੁਗਤਾਨ
- ਪੈਨਸ਼ਨਾਂ
- ਮੌਤ ਹੋਣ ਤੇ ਬੈਨੀਫਿਟ



# ਖੁੰਝੀ ਹੋਈ ਤਨਖਾਹ

- WCB ਤੁਹਾਨੂੰ ਸੱਟ ਲਗਣ ਤੋਂ ਬਾਅਦ ਅਗਲੇ ਕੰਮ ਦੇ ਦਿਨ ਤੋਂ ਖੁੰਝੀ ਹੋਈ ਤਨਖਾਹ ਦੀ ਅਦਾਇਗੀ ਸ਼ੁਰੂ ਕਰ ਦਿੰਦਾ ਹੈ।

- ਤੁਹਾਨੂੰ ਆਮਦਨੀ ਸਮਰਥਾ ਦੇ ਕੁੱਲ ਨੁਕਸਾਨ ਦਾ 90% ਹਿੱਸਾ ਪ੍ਰਾਪਤ ਹੁੰਦਾ ਹੈ। ਹੋ ਸਕਦਾ ਹੈ ਕਿ ਕੁਝ ਮਾਮਲਿਆਂ ਵਿੱਚ, ਤੁਹਾਡੀ ਤਨਖਾਹ ਦੇ ਨੁਕਸਾਨ ਦਾ ਹਿਸਾਬ ਆਮਦਨੀ ਸਮਰਥਾ ਦੇ ਕੁੱਲ ਨੁਕਸਾਨ ਦਾ 100% ਤੇ ਜਾਂ WCB ਰਾਹੀਂ ਸਥਾਪਿਤ ਨਿਊਨਤਮ ਸਾਲਾਨਾ ਆਮਦਨੀ ਪੱਧਰ ਦੇ 100% ਨੇਟ ਤੇ ਕੀਤਾ ਜਾਂਦਾ ਹੈ। ਵਧੇਰੀ ਜਾਣਕਾਰੀ ਲਈ wcb.mb.ca ਤੇ ਉਪਲਬਧ ਬੈਨੀਫਿਟ ਗਾਈਡ ਤੱਥ ਪੱਤਰ ਦਾ ਸੰਦਰਭ ਲਓ।

- ਅਸੀਂ ਕੁੱਲ ਦੇ 90% ਜਾਂ 100% (ਜਾਂ ਘਰ ਲੈ ਜਾਉਣ ਵਾਲੀ ਰਾਸ਼ੀ) ਦਾ ਹਿਸਾਬ ਤੁਹਾਡੀ ਆਮਦਨੀ 'ਚੋਂ ਕਟੌਤੀਆਂ, ਜਿਵੇਂ ਕਿ ਇਨਕਮ ਟੈਕਸ, CPP ਅਤੇ EI, ਨੂੰ ਘਟਾ ਕੇ ਕਰਦੇ ਹਾਂ। ਇਨਕਮ ਟੈਕਸ ਕਟੌਤੀਆਂ ਵਿਵਾਹਕ ਸਥਿਤੀ ਅਤੇ ਨਿਰਭਰ ਕਰਨ ਵਾਲੇ ਵਿਅਕਤੀਆਂ ਤੇ ਅਧਾਰਿਤ ਹੁੰਦੀਆਂ ਹਨ। ਤੁਹਾਡੇ ਲਾਭ ਹੋਰ ਕਾਰਨਾਂ ਕਰਕੇ ਪ੍ਰਭਾਵਿਤ ਹੋ ਸਕਦੇ ਹਨ ਜਿਵੇਂ ਕਿ ਓਵਰਟਾਈਮ, ਬੋਨਸ, ਕਦੀ-ਕਦਾਰ ਜਾਂ ਨੇਮੀ ਲੇਆਫ਼, ਅਤੇ ਹੋਰਨਾਂ ਸੋਮਿਆਂ ਤੋਂ ਆਮਦਨ, ਜਿਸ ਵਿੱਚ ਸਵੈਂ-ਰੋਜ਼ਗਾਰ ਵੀ ਸ਼ਾਮਲ ਹੈ।

- WCB ਫਾਇਦੇ ਟੈਕਸ ਮੁਕਤ ਹਨ; ਇਸ ਲਈ ਅਸੀਂ ਤੁਹਾਨੂੰ ਮਿਲ ਸਕਣ ਵਾਲੇ ਟੈਕਸ ਫਾਇਦਿਆਂ ਦੇ ਬਰਾਬਰ ਰਕਮ ਕੱਟਦੇ ਹਾਂ।

- ਅਖੀਰ ਵਿੱਚ, ਜੇ ਤੁਹਾਡੇ ਕੋਲ ਹੋਰ ਬੀਮਾ ਯੋਜਨਾਵਾਂ ਹਨ ਜੋ ਤੁਹਾਨੂੰ ਉਸ ਵੇਲੇ ਭੁਗਤਾਨ ਕਰਨਗੇ ਜਦੋਂ ਤੀਕ ਕਿ ਤੁਸੀਂ ਕੰਮ ਤੋਂ ਛੁੱਟੀ ਤੇ ਹੋ, ਤਾਂ ਕੋਈ ਵੀ ਰਾਸ਼ੀ ਜੋ ਤੁਸੀਂ ਆਪਣੀ ਆਮਦਨੀ ਸਮਰਥਾ ਦੇ ਕੁੱਲ ਨੁਕਸਾਨ ਦੇ 100% ਤੋਂ ਵੱਧ ਪ੍ਰਾਪਤ ਕਰਦੇ ਹੋ, ਉਹ ਉਸ ਰਕਮ ਵਿਚੋਂ **ਘਟਾ ਲਿਆ ਜਾਏਗਾ** ਜੋ ਤੁਸੀਂ WCB ਤੋਂ ਪ੍ਰਾਪਤ ਕਰਦੇ ਹੋ। ਇਹ ਤੁਹਾਡੀ ਜ਼ੁੰਮੇਵਾਰੀ ਹੈ ਕਿ ਤੁਸੀਂ WCB ਦੇ ਸੰਪਰਕ ਵਿਅਕਤੀ ਨੂੰ ਅਜਿਹੀ ਕਿਸੇ ਵਾਧੂ ਕਵਰੇਜ ਬਾਰੇ ਜਾਣੂ ਕਰਵਾਓ।

# ਹੋਰ ਲਾਗਤਾਂ

ਜਦੋਂ ਤੁਹਾਨੂੰ ਕੰਮ ਤੇ ਸੱਟ ਲਗਦੀ ਹੈ, ਤਾਂ ਤੁਹਾਨੂੰ ਹਸਪਤਾਲ ਜਾਣ ਦੀ ਜਾਂ ਨੁਸਖੇ ਰਾਹੀਂ ਲਿੱਖੀਆਂ ਦਵਾਈਆਂ ਦੀ ਲੋੜ ਪੈ ਸਕਦੀ ਹੈ।

ਜੇ ਅਜਿਹੀਆਂ ਲਾਗਤਾਂ ਪ੍ਰਤੱਖ ਰੂਪ ਨਾਲ ਤੁਹਾਨੂੰ ਕੰਮ ਦੀ ਥਾਂ ਤੇ ਲਗੀ ਸੱਟ ਨਾਲ ਸੰਬੰਧਿਤ ਹਨ, ਤਾਂ ਉਹ WCB ਰਾਹੀਂ ਅਦਾ ਕੀਤੀਆਂ ਜਾ ਸਕਦੀਆਂ ਹਨ। ਆਪਣੇ WCB ਦੇ ਸੰਪਰਕ ਵਿਅਕਤੀ ਕੋਲੋਂ ਪੁੱਛੋ ਕਿ ਉਹ ਨਿਰਧਾਰਤ ਕਰੇ ਕਿ ਕੀ ਇਹ ਲਾਗਤਾਂ WCB ਰਾਹੀਂ ਕਵਰ ਕੀਤੀਆਂ ਜਾਣਗੀਆਂ।

**ਕਵਰ ਕੀਤੇ ਜਾਣ ਵਾਲੇ ਸਿਹਤ ਦੇਖਭਾਲ ਖਰਚਿਆਂ ਵਿੱਚ ਸ਼ਾਮਲ ਹਨ:**

- ਹਸਪਤਾਲ ਦੇ ਖਰਚੇ
- ਦਵਾਈਆਂ (ਨੁਸ਼ਖੇ ਰਾਹੀਂ ਲਿੱਖੀਆਂ ਦਵਾਈਆਂ ਸਮੇਤ)
- ਦੰਦਾਂ ਦਾ ਇਲਾਜ
- ਨਕਲੀ ਅੰਗ, ਬ੍ਰੇਸਿਜ਼, ਬਸਾਖੀਆਂ, ਛੜੀਆਂ, ਸੁਣਨ ਸਹਾਇਕ ਅਤੇ ਹੋਰ ਸਹਾਇਕ ਚੀਜ਼ਾਂ
- ਓਰਥੋਟਿਕਸ ਜਾਂ ਫੁਟਵਿਅਰ
- ਨਕਲੀ ਅੰਗ, ਚਸ਼ਮੇ ਜਾਂ ਨਕਲੀ ਦੰਦ ਦੀ ਬਦਲਣ ਜਾਂ ਮੁਰੱਮਤ ਦੀਆਂ ਲਾਗਤਾਂ ਜਿੱਥੇ ਸੱਟ ਲਗੀ ਹੋਵੇ
- ਕਿਸੇ ਕੰਮ ਦੀ ਥਾਂ ਤੇ ਲਗੀ ਸੱਟ ਵਿੱਚ ਬਰਬਾਦ ਹੋਏ ਕਪੜਿਆਂ ਦੇ ਬਰਾਬਰ ਦੀ ਲਾਗਤ
- ਜੇ ਤੁਹਾਨੂੰ ਇਲਾਜ ਲਈ ਯਾਤਰਾ ਕਰਨੀ ਪਵੇ ਤਾਂ ਆਵਾਜਾਈ ਅਤੇ ਰਹਿਣ ਦੇ ਖਰਚੇ



# ਸਥਾਈ ਵਿਕਾਰ ਦੇ ਭੁਗਤਾਨ

ਜੇ ਤੁਹਾਨੂੰ ਕਿਸੇ ਕੰਮ ਦੀ ਥਾਂ ਤੇ ਲਗੀ ਸੱਟ ਕਾਰਨ ਕੋਈ ਸਥਾਈ ਵਿਕਾਰ ਹੋਇਆ ਹੋਵੇ ਤਾਂ ਤੁਹਾਨੂੰ ਤਨਖਾਹ ਦੇ ਨੁਕਸਾਨ ਦਾ ਭੁਗਤਾਨ ਕਰਨ ਦੇ ਨਾਲ-ਨਾਲ, ਇੱਕ-ਮੁਸ਼ਤ ਰਕਮ ਦਿੱਤੀ ਜਾ ਸਕਦੀ ਹੈ।

ਇਹ ਭੁਗਤਾਨ ਤੁਹਾਡੀ ਸੱਟ ਕਾਰਨ ਹੋਏ ਕਾਰਜਸ਼ੀਲਤਾ ਨੂੰ ਹੋਏ ਕਿਸੇ ਨੁਕਸਾਨ ਤੇ ਅਧਾਰਤ ਹੁੰਦਾ ਹੈ।



# WCB ਤੇ ਉਪਲਬਧ ਹੋਰ ਸੇਵਾਵਾਂ

## ਕੰਮ ਤੇ ਵਾਪਸ ਪਰਤਨ ਦੀਆਂ ਸੇਵਾਵਾਂ

WCB ਇਹ ਪੱਕਾ ਕਰਨ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰੇਗਾ ਕਿ ਤੁਹਾਨੂੰ ਕੰਮ ਤੇ ਵਾਪਸ ਪਰਤਨ ਲਈ ਉਹ ਸਹਾਇਤਾ ਮਿਲੇ ਜਿਸਦੀ ਤੁਹਾਨੂੰ ਲੋੜ ਹੈ। ਕੰਮ ਤੇ ਵਾਪਸ ਪਰਤਣਾ ਇੱਕ ਯੋਜਨਾਬੱਧ ਪ੍ਰਕਿਰਿਆ ਹੈ ਜਿਸ ਵਿੱਚ ਤੁਸੀਂ ਅਤੇ ਤੁਹਾਡਾ ਸਿਹਤ ਦੇਖਭਾਲ ਪ੍ਰਦਾਤਾ, ਤੁਹਾਡੇ ਰੋਜ਼ਗਾਰਦਾਤਾ ਨਾਲ ਸ਼ਾਮ੍ਲ ਹੈ ਅਤੇ ਕੁਝ ਹਾਲਾਤਾਂ ਵਿੱਚ ਤੁਹਾਡੀ ਯੁਨੀਅਨ ਦਾ ਪ੍ਰਤੀਨਿਧੀ ਵੀ। ਤੁਹਾਡੇ ਕੰਮ ਦੀ ਥਾਂ ਵਿੱਚ ਕੰਮ ਤੇ ਵਾਪਸ ਪਰਤਨ ਦਾ ਪ੍ਰੋਗਰਾਮ ਪਹਿਲਾਂ ਤੋਂ ਮੌਜੂਦ ਹੋ ਸਕਦਾ ਹੈ।

## ਵੋਕੇਸ਼ਨਲ ਰੀਹੈਬਿਲਿਟੇਸ਼ਨ ਸਰਵਿਸਿਜ਼ (ਵਿਵਸਾਇਕ ਮੁੜ–ਬਹਾਲੀ ਸੇਵਾਵਾਂ)

ਜੇ ਤੁਸੀਂ ਉਸ ਸੱਟ ਦੇ ਕਾਰਨ ਉਸ ਰੋਜ਼ਗਾਰਦਾਤਾ ਨਾਲ ਕੰਮ ਕਰਨ ਲਾਇਕ ਨਾ ਹੋਵੋ ਤਾਂ ਤੁਸੀਂ WCB ਰਾਹੀਂ ਵਿਵਸਾਇਕ ਮੁੜ-ਬਹਾਲੀ ਸੇਵਾਵਾਂ ਪ੍ਰਾਪਤ ਕਰਨ ਦੇ ਪਾਤਰ ਹੋ ਸਕਦੇ ਹੋ।

ਵਿਵਸਾਇਕ ਮੁੜ-ਬਹਾਲੀ ਸੇਵਾ ਉਸ ਰੋਜ਼ਗਾਰ ਤੇ ਵਾਪਸ ਪਰਤਨ ਵਿੱਚ ਤੁਹਾਡੀ ਮਦਦ ਕਰਦਾ ਹੈ ਜੋ ਤੁਹਾਡੇ ਕੰਮ ਦੀ ਕੁਸ਼ਲਤਾ ਦੀ ਇੱਜ਼ਤ ਕਰਦਾ ਹੈ। ਇਸ ਵਿੱਚ ਮੁੜ ਨੌਕਰੀ ਤੋਂ ਲੈ ਕੇ ਦੁਬਾਰਾ ਟ੍ਰੇਨਿੰਗ ਤੀਕ ਦੀਆਂ ਵੱਖ-ਵੱਖ ਸੇਵਾਵਾਂ ਦੇ ਰਾਹੀਂ ਵਿਕਲਪਕ ਕੰਮ ਲੱਭਣਾ ਸ਼ਾਮਲ ਹੋ ਸਕਦਾ ਹੈ।

## ਮੁੜ–ਨੌਕਰੀ ਦੀਆਂ ਜ਼ੁੰਮੇਵਾਰੀਆਂ

01 ਜਨਵਰੀ 2007 ਤੋਂ ਪਰਭਾਵੀ, ਵਿਧਾਨ ਦੇ ਅਨੁਸਾਰ ਰੋਜ਼ਗਾਰਦਾਤਾ, ਜਿੰਨਾਂ ਕੋਲ 25 ਜਾਂ ਵੱਧ ਪੂਰੇ ਸਮੇਂ ਕੰਮ ਕਰਨ ਵਾਲੇ ਜਾਂ ਨੇਮੀ ਅੰਸ਼ਕਾਲਿਕ ਕਰਮਚਾਰੀ ਹਨ, ਸੱਟ ਲਗੇ ਉਨ੍ਹਾਂ ਕਰਮਚਾਰੀਆਂ ਨੂੰ ਮੁੜ-ਨੌਕਰੀ ਦੇਣਗੇ ਜੋ ਸੱਟ ਲਗਣ ਦੇ ਘੱਟੋ-ਘੱਟ 12 ਲਗਾਤਾਰ ਮਹੀਨੇ ਤੋਂ ਨੌਕਰੀ ਵਿੱਚ ਰਹੇ ਹਨ। ਮੁੜ-ਨੌਕਰੀ ਦੀ ਜ਼ੁੰਮੇਵਾਰੀਆਂ ਬਾਰੇ ਵਧੇਰੀ ਜਾਣਕਾਰੀ ਲਈ **wcb.mb.ca** ਤੇ ਜਾਓ, ਜਾਂ **204–954–4321** ਤੇ ਜਾਂ ਟੋਲ-ਫ੍ਰੀ ਨੰਬਰ **1–855–954–4321** ਤੇ *ਮੁੜ-ਨੌਕਰੀ ਦੀ ਜ਼ੁੰਮੇਵਾਰੀਆਂ* ਦੇ ਪਰਚੇ ਦੀ ਇੱਕ ਕਾਪੀ ਲਈ ਫ਼ੋਨ ਕਰੋ।

## ਉੱਚਿਤ ਅਮਲ ਦਾ ਦਫ਼ਤਰ

ਉੱਚਿਤ ਅਮਲ ਦਾ ਦਫ਼ਤਰ ਇੱਕ ਸੁਤੰਤਰ ਦਫ਼ਤਰ ਹੈ ਜੋ ਇਹ ਪੱਕਾ ਕਰਨ ਲਈ ਕੰਮ ਕਰਦਾ ਹੈ ਕਿ WCB ਵਿੱਚ ਉੱਚਿਤ ਅਮਲ ਹੁੰਦੇ ਹਨ। ਇਹ ਦਫ਼ਤਰ ਉਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਜੋ ਜ਼ਖਮੀ ਕਰਮਚਾਰੀਆਂ, ਉਨਾਂ ਤੇ ਨਿਰਭਰ ਲੋਕਾਂ, ਅਤੇ ਰੋਜ਼ਗਾਰਦਾਤਾਵਾਂ ਦੇ WCB ਨਾਲ ਹੋ ਸਕਦੇ ਹਨ, ਲਈ ਇੱਕ ਓਮਬਡਸਮੈਨ ਦੇ ਤੌਰ ਤੇ ਕੰਮ ਕਰਦਾ ਹੈ ਅਤੇ ਨਾਲ ਹੀ WCB ਨੂੰ ਆਪਣੀ ਸੇਵਾ ਦੀ ਕੁਆਲਟੀ ਵਿੱਚ ਸੁਧਾਰ ਕਰਨ ਲਈ ਵੀ ਮਦਦ ਕਰਦਾ ਹੈ। ਉਨ੍ਹਾਂ ਨਾਲ **204–954–4467** ਤੇ ਜਾਂ ਟੋਲ-ਫ਼੍ਰੀ ਨੰਬਰ **1–855–954–4321** ਤੇ ਗੱਲ ਕੀਤੀ ਜਾ ਸਕਦੀ ਹੈ।

## ਦਾਅਵਾ ਫਾਈਲ ਕਾਪੀਆਂ

WCB ਦੇ ਦਾਅਵੇ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦੇ ਸ਼ੁਰੂਆਤੀ ਫ਼ੈਸਲਾ ਲੈਣ ਤੋਂ ਬਾਅਦ ਤੁਸੀਂ ਆਪਣੇ ਦਾਅਵੇ ਦੀ ਫਾਈਲ ਦੀ ਇੱਕ ਕਾਪੀ ਦੇ ਲਈ ਬੇਨਤੀ ਕਰ ਸਕਦੇ ਹੋ। ਆਪਣੇ WCB ਸੰਪਰਕ ਵਿਅਕਤੀ ਨੂੰ ਪੁੱਛੋ ਜਾਂ ਸਾਡੇ ਫਾਈਲ ਪਹੁੰਚ ਵਿਭਾਗ ਨੂੰ 204-954-4453 ਤੇ ਫ਼ੋਨ ਕਰੋ। ਰੋਜ਼ਗਾਰਦਾਤਾ ਅਤੇ ਵਕੀਲ ਵੀ ਕਿਸੇ ਫਾਈਲ ਦੀ ਕਾਪੀਆਂ ਦੀ ਮੰਗ ਕਰ ਸਕਦੇ ਹਨ। ਫਾਈਲ ਦੀਆਂ ਪਹਿਲੀਆਂ ਕਾਪੀਆਂ ਮੁਫ਼ਤ ਹੁੰਦੀਆਂ ਹਨ।

## ਅਪੀਲ

ਜੇ ਤੁਸੀਂ ਆਪਣੇ ਦਾਅਵੇ ਤੇ WCB ਦੁਆਰਾ ਲਏ ਗਏ ਫ਼ੈਸਲੇ ਬਾਰੇ ਅਪੀਲ ਕਰਨਾ ਚਾਹੁੰਦੇ ਹੋ ਤਾਂ ਇਸ ਨਿਰਣੇ ਬਾਰੇ ਪਹਿਲੇ WCB ਸੰਪਰਕ ਵਿਅਕਤੀ ਨਾਲ ਚਰਚਾ ਕਰੋ। ਜੇ ਤੁਸੀਂ ਹਾਲੇ ਵੀ ਫ਼ੈਸਲੇ ਨਾਲ ਸਹਿਮਤ ਨਹੀਂ ਹੋ ਤਾਂ ਤੁਹਾਡੇ ਲਈ ਇੱਕ ਰਸਮੀ, ਦੋ-ਕਦਮ ਦੀ ਅਪੀਲ ਪ੍ਰਕਿਰਿਆ ਮੌਜੂਦ ਹੈ।

ਅਪੀਲ ਦਾ ਪਹਿਲਾ ਕਦਮ ਸਮੀਖਿਆ ਦਫਤਰ ਹੈ। ਜਦੋਂ ਤੁਸੀਂ ਮੁੜ-ਵਿਚਾਰ ਫਾਰਮ ਲਈ ਬੇਨਤੀ ਭੇਜ ਦਿੰਦੇ ਹੋ (wcb.mb.ca ਤੇ ਉਪਲਬਧ) ਤਾਂ ਇੱਕ ਸਮੀਖਿਆ ਅਫ਼ਸਰ ਤੁਹਾਡੀ ਅਪੀਲ ਤੇ ਵਿਚਾਰ ਕਰਨ ਲਈ ਨਿਯੁਕਤ ਕਰ ਦਿੱਤਾ ਜਾਏਗਾ।

ਜੇ ਤੁਸੀਂ ਫ਼ੈਸਲੇ ਨਾਲ ਹਾਲੇ ਵੀ ਸੰਤੁਸ਼ਟ ਨਹੀ ਹੋ ਤਾਂ ਤੁਸੀਂ WCB ਦੇ ਅਪੀਲ ਕਮਿਸ਼ਨ ਨੂੰ ਅਪੀਲ ਕਰ ਸਕਦੇ ਹੋ, ਜੋ ਕਿ ਅਪੀਲ ਕਰਨ ਦਾ ਆਖਰੀ ਪੱਧਰ ਹੈ। ਤੁਸੀਂ ਕਰਮਚਾਰੀਆਂ, ਰੋਜ਼ਗਾਰਦਾਤਾਵਾਂ ਅਤੇ ਜਨਤਾ ਦੇ ਹਿੱਤਾਂ ਦਾ ਪ੍ਰਤੀਨਿਧ ਕਰਨ ਵਾਲੇ ਤਿੰਨ ਕਮਿਸ਼ਨਰਾਂ ਦੇ ਇੱਕ ਬੋਰਡ ਨੂੰ ਲਿਖਤੀ ਰੂਪ ਵਿੱਚ ਜਾਂ ਖੁਦ ਜਾ ਕੇ ਅਪੀਲ ਕਰ ਸਕਦੇ ਹੋ। ਅਪੀਲਾਂ ਤੁਹਾਡੇ ਰਾਹੀਂ ਅੱਗੇ ਭੇਜੀਆਂ ਜਾ ਸਕਦੀਆਂ ਹਨ ਜਾਂ, ਜੇ ਤੁਸੀਂ ਚਾਹੋ ਤਾਂ ਤੁਹਾਡੇ ਪ੍ਰਤੀਨਿਧੀ ਰਾਹੀਂ।

ਜੇਕਰ ਤੁਹਾਨੂੰ ਸਮੀਖਿਆ ਦਫ਼ਤਰ ਜਾਂ ਅਪੀਲ ਕਮਿਸ਼ਨ ਅੱਗੇ ਅਪੀਲ ਕਰਨ ਲਈ ਮਦਦ ਦੀ ਲੋੜ ਹੈ ਤਾਂ ਤੁਸੀਂ ਵਰਕਰ ਸਲਾਹਕਾਰ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ। ਵਰਕਰ ਸਲਾਹਕਾਰ ਦਫ਼ਤਰ ਤੁਹਾਨੂੰ ਸਲਾਹ ਵੀ ਦੇ ਸਕਦਾ ਹੈ ਅਤੇ/ਜਾਂ WCB ਮਸਲਿਆਂ ਜਾਂ ਫ਼ੈਸਲਿਆਂ ਬਾਰੇ ਇੱਕ ਸੁਤੰਤਰ ਰਾਇ ਵੀ ਦੇ ਸਕਦਾ ਹੈ।

**Worker Advisor Office (ਵਰਕਰ ਸਲਾਹਕਾਰ ਦਫ਼ਤਰ)**
406 – 401 York Avenue
Winnipeg, MB R3C 0P8
ਫ਼ੋਨ 204-945-5787
ਫੈਕਸ 204-948-2020



# WCB ਬਾਰੇ ਆਮ ਜਾਣਕਾਰੀ

- ਤੁਹਾਡਾ ਰੋਜ਼ਗਾਰਦਾਤਾ ਸਾਰੇ WCB ਬੀਮਾ ਫਾਇਦਿਆਂ ਲਈ ਭੁਗਤਾਨ ਕਰਦਾ ਹੈ – ਉਨ੍ਹਾਂ ਦੀ ਕਟੌਤੀ ਨਾ ਤਾਂ ਤੁਹਾਡੀ ਤਨਖਾਹ 'ਚੋਂ ਕੀਤੀ ਜਾਂਦੀ ਹੈ ਅਤੇ ਨਾ ਹੀ ਟੈਕਸ ਡਾਲਰਾਂ ਰਾਹੀਂ ਭੁਗਤਾਈ ਜਾਂਦੀ ਹੈ।
- WCB ਦਾ ਸੰਚਾਲਨ ਇੱਕ ਨਿਰਪੱਖ ਬੋਰਡ ਦੇ ਪਰਧਾਨ, ਕਰਮਚਾਰੀਆਂ ਦੇ ਤਿੰਨ ਪ੍ਰਤੀਨਿਧੀਆਂ, ਰੋਜ਼ਗਾਰਦਾਤਾ ਦੇ ਤਿੰਨ ਪ੍ਰਤੀਨਿਧੀਆਂ ਅਤੇ ਜਨਤਾ ਦੇ ਹਿੱਤਾਂ ਦੀ ਰੱਖਿਆ ਕਰਨ ਵਾਲੇ ਤਿੰਨ ਪ੍ਰਤੀਨਿਧੀਆਂ ਦੇ ਬਣੇ ਇੱਕ ਨਿਦੇਸ਼ਕ ਮੰਡਲ ਰਾਹੀਂ ਕੀਤਾ ਜਾਂਦਾ ਹੈ।
- WCB ਅਜਿਹੀ ਸੇਵਾ ਪ੍ਰਦਾਨ ਕਰਨ ਲਈ ਪ੍ਰਤੀਬੱਧ ਹੈ ਜੋ ਤੇਜ਼, ਅਸਾਨ, ਦੇਖਭਾਲ ਕਰਨ ਵਾਲੀ, ਸਹੀ ਅਤੇ ਸਪਸ਼ਟ ਹੋਵੇ।
- ਜੇ ਤੁਹਾਨੂੰ ਕੰਮ ਤੇ ਸੱਟ ਲਗੀ ਹੈ ਤਾਂ ਤੁਹਾਨੂੰ ਇੱਕ WCB ਦਾਅਵਾ ਕਰਨ ਦਾ ਅਧਿਕਾਰ ਹੈ। ਕਿਸੇ ਰੋਜ਼ਗਾਰਦਾਤਾ ਦਾ ਤੁਹਾਨੂੰ ਦਾਅਵਾ ਨਾ ਕਰਨ ਦੀ ਮੰਗ ਕਰਨਾ ਗੈਰਕਾਨੂੰਨੀ ਹੈ।



WCB Workers Compensation Board of Manitoba

ਇੱਕ ਵਿਸ਼ਵਾਸਪਾਤਰ ਸਾਂਝੀਦਾਰ, ਅੱਜ ਨੂੰ ਸੁਰੱਖਿਅਤ ਬਣਾਉਂਦਾ ਹੈ ਅਤੇ ਇੱਕ ਮਹਿਫ਼ੂਜ਼ ਕੱਲ੍ਹ ਦਾ ਨਿਰਮਾਣ ਕਰਦਾ ਹੈ।

# ਜੇਕਰ ਤੁਹਾਨੂੰ ਕੰਮ 'ਤੇ ਸੱਟ ਲੱਗ ਗਈ ਹੈ, ਤਾਂ ਅਸੀਂ ਮਦਦ ਲਈ ਮੌਜੂਦ ਹਾਂ।

## ਸਾਡੇ ਤੀਕ ਕਿਵੇਂ ਪਹੁੰਚੋ


Workers Compensation Board of Manitoba
333 Broadway, Winnipeg, MB R3C 4W3

ਸਾਨੂੰ
**wcb@wcb.mb.ca ਤੇ ਈਮੇਲ ਕਰੋ**

ਵਧੇਰੀ ਜਾਣਕਾਰੀ ਲਈ
**www.wcb.mb.ca ਤੇ ਜਾਓ**

ਜਾਂ ਸਾਨੂੰ
**204-954-4321**

ਜਾਂ (ਟੋਲ ਫ਼੍ਰੀ)
**1-855-954-4321**


## ਧੋਖੇ ਅਤੇ ਗੈਰ–ਅਨੁਪਾਲਨ ਦੀ ਰਿਪੋਰਟ ਕਰੋ

204-888-8081 ਤੇ ਜਾਂ ਟੋਲ-ਫ਼੍ਰੀ ਨੰਬਰ 1-844-888-8081 ਤੇ ਫ਼ੋਨ ਕਰੋ
**Compliance@wcb.mb.ca** ਤੇ ਈਮੇਲ ਕਰੋ

ਸੁਰੱਖਿਅਤ ਤਰੀਕੇ ਨਾਲ ਕੰਮ ਕਰਨਾ ਹਰੇਕ ਦੀ ਜ਼ੁੰਮੇਵਾਰੀ ਹੈ। ਸੱਟਾਂ ਲੱਗਣ ਤੋਂ ਬਚਣਾ ਰੋਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਲਈ ਚੰਗਾ ਹੈ। ਵਧੇਰੇ ਜਾਣਨ ਲਈ, ਜਾਓ:

**safemanitoba.com**

ਜਾਂ ਵਿਨੀਪੈਗ ਵਿੱਚ 204-957-SAFE (7233) ਤੇ ਫ਼ੋਨ ਕਰੋ
ਜਾਂ ਵਿਨੀਪੈਗ ਦੇ ਬਾਹਰ 1-855-957-SAFE (7233) ਤੇ ਫ਼ੋਨ ਕਰੋ

SAFE WORK MANITOBA

WCB1001PA-26/03/15 Punjabi

CEP SCEP UNION LABEL